
3 Jan-Jal-8-9 Dehati.qxd 1/4/2022 12:38 AM Page 1



## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ



**ਰੇਡੀਓ**

ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 4 ਜਨਵਰੀ ਨੂੰ ਸ਼ਾਮ 4.30 ਤੋਂ 5.30 ਵਜੇ ਤੱਕ **ਭਾਈ ਰਵਿੰਦਰ ਸਿੰਘ** ਤੇ 5 ਜਨਵਰੀ ਨੂੰ ਸਵੇਰੇ 4:00 ਤੋਂ 6:00 ਵਜੇ ਤੱਕ **ਭਾਈ ਰਵਿੰਦਰ ਸਿੰਘ** 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ.ਟੀ.ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 4 ਜਨਵਰੀ ਨੂੰ ਸ਼ਾਮ 4:30 ਤੋਂ 6:30 ਵਜੇ ਤੱਕ **ਭਾਈ ਰਵਿੰਦਰ ਸਿੰਘ** ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' **ਭਾਈ ਨਰਿੰਦਰ ਸਿੰਘ** ਅਤੇ 5 ਜਨਵਰੀ ਨੂੰ ਸਵੇਰੇ 4:00 ਵਜੇ ਤੋਂ 7:45 ਵਜੇ ਤੱਕ **ਭਾਈ ਰਵਿੰਦਰ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ** ਕੀਰਤਨ ਕਰਨਗੇ।

**ਮੁੱਖ ਵਾਕ ਦੀ ਕਥਾ :** 4 ਜਨਵਰੀ ਨੂੰ ਗਿਆਨੀ ਸਤਨਾਮ ਸਿੰਘ ਖਡੂਰ ਸਾਹਿਬ ਤੇ 5 ਜਨਵਰੀ ਨੂੰ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਮੰਜੀ ਸਾਹਿਬ ਦੀਵਾਨ ਹਾਲ (ਸ੍ਰੀ ਹਰਿਮੰਦਰ ਸਾਹਿਬ) ਵਿਖੇ 7:45 ਵਜੇ ਤੋਂ 8:30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।



ਕਿਸਾਨ ਅੰਦੋਲਨ 'ਚ ਸਾਲ ਭਰ ਦਿੱਲੀ ਡਟੇ ਰਹੇ ਪਿੰਡ ਸਮਰਾਏ ਵਾਸੀ ਸੁੱਚਾ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਪਤਵੰਤੇ ਤੇ ਸੁਸਾਇਟੀ ਮੈਂਬਰ। ਤਸਵੀਰ- ਸੁਰਜੀਤ ਸਿੰਘ ਜੰਡਿਆਲਾ

## ਦਿੱਲੀ ਕਿਸਾਨ ਮੋਰਚੇ 'ਚ ਹਿੱਸਾ ਲੈਣ ਵਾਲਿਆਂ ਦਾ ਸਨਮਾਨ

ਜੰਡਿਆਲਾ ਮੰਜਕੀ, 3 ਜਨਵਰੀ (ਸੁਰਜੀਤ ਸਿੰਘ ਜੰਡਿਆਲਾ)-ਦਿੱਲੀ ਮੋਰਚੇ 'ਚ ਹਿੱਸਾ ਲੈਣ ਵਾਲੇ 200 ਦੇ ਕਰੀਬ ਪਿੰਡ ਸਮਰਾਏ ਨਿਵਾਸੀ ਬਜ਼ੁਰਗ, ਮਾਤਾਵਾਂ ਤੇ ਭੈਣਾਂ ਜਿਨ੍ਹਾਂ ਨੇ ਇਸ ਅੰਦੋਲਨ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ, ਨੂੰ ਪਿੰਡ ਦੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਚੱਲ ਰਹੀ ਸਮਾਜ ਸੇਵੀ ਸੰਸਥਾ ਸਮਰਾਏ ਵੈਲਫ਼ੇਅਰ ਇਨੋਵੇਟਿਵ ਸੁਸਾਇਟੀ ਵਲੋਂ ਸਨਮਾਨਿਤ ਕੀਤਾ ਗਿਆ ਹੈ। ਗੁਰਦੁਆਰਾ ਸਿੰਘ ਸਭਾ ਸਮਰਾਏ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੇ ਗੁਰਬਾਣੀ ਕੀਰਤਨ ਉਪਰੰਤ ਕਰਵਾਏ ਸਮਾਗਮ ਦੌਰਾਨ ਇਸ ਅੰਦੋਲਨ 'ਚ ਪੂਰਾ ਸਾਲ ਭਰ ਡਟੇ ਰਹਿਣ ਵਾਲੇ ਪਿੰਡ ਦੇ ਬਜੁਰਗ ਸੁੱਚਾ ਸਿੰਘ ਤੇ ਇਲਾਕੇ 'ਚ ਇਸ ਅੰਦੋਲਨ ਦੀ ਵਾਗਡੋਰ ਸੰਭਾਲਣ ਵਾਲੇ ਮਨਦੀਪ ਸਿੰਘ ਸਰਪੰਚ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ ਹੈ। ਇਸ ਮੌਕੇ ਪੰਚਾਇਤ ਮੈਂਬਰ, ਪਤਵੰਤੇ, ਨਗਰ ਨਿਵਾਸੀ, ਸਵਿਸ ਸੁਸਾਇਟੀ ਦੇ ਮੈਂਬਰ ਲੱਖਾ, ਬਿੰਦਾ, ਇੰਦੂ, ਬਲਵੀਰ, ਮਨੋਜ, ਪਿੰਦਰ ਸਮਰਾ, ਸੋਨੂ, ਦਿਨੇਸ਼ ਤੇ ਜੋਤੀ ਹਾਜਰ ਸਨ।



ਸ਼ਾਹਕੋਟ ਦੇ ਪਿੰਡ ਹਾਜੀਪੁਰ ਵਿਖੇ 'ਆਪ' ਦੀ ਮੀਟਿੰਗ ਦੌਰਾਨ ਵੋਟਰਾਂ ਨਾਲ ਬਲਾਕ ਪ੍ਰਧਾਨ ਬਲਵੀਰ ਸਿੰਘ ਢੰਡੋਵਾਲ ਤੇ ਹੋਰ ਆਗੂ। ਤਸਵੀਰ-ਸੁਖਦੀਪ ਸਿੰਘ

## 'ਆਪ' ਉਮੀਦਵਾਰ ਰਤਨ ਸਿੰਘ ਦੇ ਹੱਕ 'ਚ ਮੀਟਿੰਗ

ਸ਼ਾਹਕੋਟ, 3 ਜਨਵਰੀ (ਸੁਖਦੀਪ ਸਿੰਘ)-ਆਮ ਆਦਮੀ ਪਾਰਟੀ ਦੇ ਹਲਕਾ ਸ਼ਾਹਕੋਟ ਤੋਂ ਉਮੀਦਵਾਰ ਰਤਨ ਸਿੰਘ ਕਾਕੜ ਕਲਾਂ ਦੇ ਹੱਕ 'ਚ ਚੋਣ ਪ੍ਰਚਾਰ ਦੌਰਾਨ ਬਲਾਕ ਪ੍ਰਧਾਨ ਬਲਵੀਰ ਸਿੰਘ ਢੰਡੋਵਾਲ ਵਲੋਂ ਪਿੰਡ ਹਾਜੀਪੁਰ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਰਤਨ ਸਿੰਘ ਕਾਕੜ ਕਲਾਂ ਦੀ ਵਿਲੱਖਣ ਸ਼ਖ਼ਸ਼ੀਅਤ ਨੂੰ ਦੇਖਦਿਆਂ ਇਸ ਵਾਰ ਚੋਣ ਲੜਨ ਦਾ ਮੌਕਾ ਦਿੱਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਇੱਕ ਮੌਕਾ 'ਆਪ' ਨੂੰ ਦਿੱਤਾ ਜਾਵੇ। ਇਸ ਮੌਕੇ ਪਿੰਡ ਵਾਸੀਆਂ ਵਲੋਂ ਭਰਵਾਂ ਹੁੰਗਾਰਾ ਦਿੱਤਾ ਗਿਆ। ਇਸ ਮੌਕੇ ਸਤਪਾਲ ਸਿੰਘ, ਸੰਤੂ, ਬਿੱਟੂ, ਸੰਨੀ ਜਲਾਲਪੁਰ ਆਦਿ ਹਾਜ਼ਰ ਸਨ।



ਮੀਟਿੰਗ ਮੌਕੇ 'ਆਪ' ਹਲਕਾ ਇੰਚਾਰਜ ਮੈਡਮ ਇੰਦਰਜੀਤ ਕੌਰ ਮਾਨ ਪਿੰਡ ਵਾਸੀਆਂ ਤੇ ਵਰਕਰਾਂ ਨਾਲ। ਤਸਵੀਰ: ਸ਼ਰਮਾ

## ਆਮ ਆਦਮੀ ਪਾਰਟੀ ਵਲੋਂ ਪਿੰਡ ਆਲੋਵਾਲ 'ਚ ਜਨ ਸਭਾ

ਨਕੋਦਰ, 3 ਜਨਵਰੀ (ਤਿਲਕ ਰਾਜ ਸ਼ਰਮਾ)-ਆਮ ਆਦਮੀ ਪਾਰਟੀ ਹਲਕਾ ਨਕੋਦਰ ਇੰਚਾਰਜ ਇੰਦਰਜੀਤ ਕੌਰ ਮਾਨ ਦੀ ਅਗਵਾਈ 'ਚ ਆਲੋਵਾਲ ਪਿੰਡ 'ਚ ਮੀਟਿੰਗ ਕੀਤੀ ਗਈ। ਮੀਟਿੰਗ 'ਚ ਵੱਡੀ ਗਿਣਤੀ 'ਚ ਮਹਿਲਾਵਾਂ ਅਤੇ ਬਜ਼ੁਰਗ ਸ਼ਾਮਿਲ ਹੋਏ। ਇਸ ਮੌਕੇ ਇੰਦਰਜੀਤ ਕੌਰ ਮਾਨ ਨੇ ਅਰਵਿੰਦ ਕੇਜਰੀਵਾਲ ਵਲੋਂ 18 ਸਾਲ ਦੀ ਉਮਰ ਤੋਂ ਵੱਧ ਉਮਰ ਵਾਲੀਆਂ ਮਹਿਲਾਵਾਂ ਨੂੰ 1000 ਰੁਪਏ ਹਰ ਮਹੀਨੇ ਦੇਣ ਦੇ ਐਲਾਨ ਬਾਰੇ ਕਿਹਾ ਕਿ ਅਰਵਿੰਦ ਕੇਜਰੀਵਾਲ ਬਾਕੀ ਰਵਾਇਤੀ ਪਾਰਟੀਆਂ ਵਾਂਗ ਝੂਠੇ ਵਾਅਦੇ ਨਹੀਂ ਕਰਦੇ, ਉਹ ਜੋ ਕਹਿੰਦੇ ਹਨ ਕਰਕੇ ਵਿਖਾਉਂਦੇ ਹਨ। ਇਸ ਮੌਕੇ ਤਰਲੋਚਨ ਸਿੰਘ, ਸ਼ਾਂਤੀ ਸਰੂਪ, ਨਰੇਸ਼ ਕੁਮਾਰ, ਬਲਜੀਤ ਕੌਰ, ਸੁਖਦੇਵ, ਹਰਦੀਪ ਸਿੰਘ ਹੈਪੀ, ਅੰਮ੍ਰਿਤਪਾਲ, ਮੀਨਾ ਕੁਮਾਰੀ, ਬਿੰਦਰ, ਸੁਖਵਿੰਦਰ ਕੌਰ, ਜਗਦੀਸ਼ ਲਾਲ, ਗੁਲਸ਼ਨ, ਅੰਮ੍ਰਿਤ ਸਰੀਂਹ ਆਦਿ ਹਾਜ਼ਰ ਸਨ।



ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮੁਹੱਲਾ ਧੂੜਕੋਟ, ਸ਼ਾਹਕੋਟ ਤੋਂ ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਸਜਾਏ ਨਗਰ ਕੀਰਤਨ 'ਚ ਹਾਜ਼ਰੀ ਭਰਦੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਨਗਰ ਪੰਚਾਇਤ ਦੇ ਪ੍ਰਧਾਨ ਸਤੀਸ਼ ਰਿਹਾਨ, ਅਜੀਤ ਸਿੰਘ ਝੀਤਾ ਤੇ ਹੋਰ ਸ਼ਖ਼ਸ਼ੀਅਤਾਂ। ਤਸਵੀਰ-ਸੁਖਦੀਪ ਸਿੰਘ ਸ਼ਾਹਕੋਟ



ਪਿੰਡ ਟੁੱਟ ਸ਼ੇਰ ਸਿੰਘ ਦੀਆਂ ਸੰਗਤਾਂ ਵਲੋਂ ਸਜਾਏ ਗਏ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ। ਤਸਵੀਰ : ਬਾਂਸਲ

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਸ਼ਾਹਕੋਟ, 3 ਜਨਵਰੀ (ਬਾਂਸਲ)-ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਟੁੱਟ ਸ਼ੇਰ ਸਿੰਘ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਪਿੰਡ ਟੁੱਟ ਸ਼ੇਰ ਸਿੰਘ ਤੋਂ ਆਰੰਭ ਹੋ ਕੇ ਪਿੰਡ ਕੋਟਲਾ ਸੂਰਜ ਮੱਲ, ਕਾਕੜਾ, ਸਾਦਿਕਪੁਰ ਤੇ ਤਲਵੰਡੀ ਸੰਘੇੜਾ ਤੋਂ ਹੁੰਦਾ ਹੋਇਆ ਵਾਪਸ ਟੁੱਟ ਸ਼ੇਰ ਸਿੰਘ ਵਿਖੇ ਸਮਾਪਤ ਹੋਇਆ। ਇਸ ਮੌਕੇ ਜਰਨੈਲ ਸਿੰਘ, ਸੁਖਪ੍ਰੀਤ ਸਿੰਘ ਯੂ.ਐੱਸ.ਏ., ਸਿਮਰਜੀਤ ਸਿੰਘ ਕੈਨੇਡਾ, ਅਨਮੋਲਕ ਸਿੰਘ, ਜਸਬੀਰ ਸਿੰਘ ਨੰਬਰਦਾਰ, ਜਗਦੀਸ਼ ਸਿੰਘ ਸਰਪੰਚ, ਹਰਵਿੰਦਰ ਸਿੰਘ ਸੇਠੀ, ਹਜ਼ਾਰਾ ਸਿੰਘ, ਬਲਵੰਤ ਸਿੰਘ ਮਾਸਟਰ, ਸਰਬਜੀਤ ਸਿੰਘ, ਰਵੀ ਸਿੰਘ, ਸੰਤੋਖ ਸਿੰਘ, ਪਰਮਜੀਤ ਸਿੰਘ ਪੰਮਾ, ਕਰਮਜੀਤ ਸਿੰਘ ਆਦਿ ਹਾਜ਼ਰ ਸਨ।

## ਨਗਰ ਕੀਰਤਨ ਅੱਜ

ਮਲਸੀਆਂ, 3 ਜਨਵਰੀ (ਸੁਖਦੀਪ ਸਿੰਘ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ 'ਚ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਮਲਸੀਆਂ ਤੋਂ ਵਿਸ਼ਾਲ ਨਗਰ ਕੀਰਤਨ 4 ਜਨਵਰੀ ਨੂੰ ਸਜਾਇਆ ਜਾਵੇਗਾ। ਗੁਰਦੁਆਰਾ ਸਾਹਿਬ ਦੇ ਹੈੱਡਗ੍ਰੰਥੀ ਭਾਈ ਮਾਨ ਸਿੰਘ ਨੇ ਦੱਸਿਆ ਕਿ ਨਗਰ ਕੀਰਤਨ ਸਵੇਰੇ 11 ਵਜੇ ਰਵਾਨਾ ਹੋਵੇਗਾ ਤੇ ਸਾਰੀਆਂ ਪੱਤੀਆਂ ਦੀ ਪਰਿਕਰਮਾ ਕਰੇਗਾ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਦੇ ਸਬੰਧ 'ਚ ਅੱਜ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰ ਦਿੱਤੇ ਗਏ ਹਨ, ਜਿਨ੍ਹਾਂ ਦੇ ਪਰਸੋਂ 5 ਜਨਵਰੀ ਨੂੰ ਸਵੇਰੇ 11 ਵਜੇ ਭੋਗ ਪੈਣਗੇ, ਉਪਰੰਤ ਜੱਥੇ ਕਥਾ ਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।



ਰੇਲਵੇ ਪੁਲਿਸ ਚੌਕੀ ਫਿਲੌਰ ਦੇ ਇੰਚਾਰਜ ਏ ਐਸ ਆਈ ਧਰਮਪਾਲ ਨੂੰ ਸਬ ਇੰਸਪੈਕਟਰ ਬਣਨ 'ਤੇ ਸਟਾਰ ਲਾਉਂਦੇ ਹੋਏ ਆਈ ਜੀ ਕ੍ਰਾਇਮ ਪੰਜਾਬ ਗੁਰਸ਼ਰਨ ਸਿੰਘ ਸੰਧੂ। ਤਸਵੀਰ-ਸਤਿੰਦਰ ਸ਼ਰਮਾ



ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ। ਤਸਵੀਰ-ਹਰਪ੍ਰੀਤ ਸਿੰਘ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਆਦਮਪੁਰ, 3 ਜਨਵਰੀ (ਹਰਪ੍ਰੀਤ ਸਿੰਘ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਚੋਮੋਂ ਦੀ ਸਮੂਹ ਸੰਗਤਾਂ ਵਲੋਂ ਗੁਰਦੁਆਰਾ ਸਿੰਘ ਸਭਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਪਿੰਡ ਫਤਹਿਪੁਰ, ਰਾਮ ਨਗਰ ਹੁੰਦਾ ਵਾਪਸ ਗੁਰਦੁਆਰਾ ਸਾਹਿਬ ਪਿੰਡ ਚੋਮੋਂ ਵਿਖੇ ਸਮਾਪਤ ਹੋਇਆ। ਇਸ ਮੌਕੇ ਪ੍ਰਧਾਨ ਇੰਦਰਜੀਤ ਸਿੰਘ, ਸਤਨਾਮ ਸਿੰਘ, ਸਰਨਜੀਤ ਸਿੰਘ, ਸਰਪੰਚ ਜਸਪਾਲ ਸਿੰਘ, ਬਲਵੰਤ ਸਿੰਘ ਪਟਵਾਰੀ, ਦਵਿੰਦਰ ਓਬਰਾਏ, ਗਜਿੰਦਰ ਸਿੰਘ, ਗੋਪਾਲ ਸਿੰਘ, ਚੰਨਣ ਸਿੰਘ ਸੈਣੀ, ਸਰਵਣ ਸਿੰਘ, ਸ਼ਿਸਪਾਲ ਪੰਚ, ਗੁਰਦੀਪ ਸਿੰਘ ਦੂਹੜਾ, ਮਾਸਟਰ ਰਾਮ ਪ੍ਰਕਾਸ਼, ਰਣਜੀਤ ਸਿੰਘ, ਸਰਵਣ ਸਿੰਘ ਆਦਿ ਹਾਜਰ ਹੋਏ।



ਕਾਂਗਰਸ 'ਚ ਸ਼ਾਮਿਲ ਹੋਏ ਪਰਿਵਾਰਾਂ ਦਾ ਸਵਾਗਤ ਕਰਦੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ। ਤਸਵੀਰ-ਸੁਖਦੀਪ ਸਿੰਘ

## ਪਿੰਡ ਈਨੋਵਾਲ ਦੇ 25 ਪਰਿਵਾਰ ਕਾਂਗਰਸ 'ਚ ਸ਼ਾਮਿਲ

ਸ਼ਾਹਕੋਟ, 3 ਜਨਵਰੀ (ਸੁਖਦੀਪ ਸਿੰਘ)-ਹਲਕਾ ਸ਼ਾਹਕੋਟ 'ਚ ਬਹੁਜਨ ਸਮਾਜ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਪਿੰਡ ਈਨੋਵਾਲ ਦੇ 20 ਪਰਿਵਾਰ ਬਹੁਜਨ ਸਮਾਜ ਪਾਰਟੀ ਤੇ 5 ਪਰਿਵਾਰ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਅਲਵਿਦਾ ਆਖ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਮੌਜੂਦਗੀ 'ਚ ਕਾਂਗਰਸ ਪਾਰਟੀ 'ਚ ਸ਼ਾਮਲ ਹੋ ਗਏ। ਇਸ ਮੌਕੇ ਵਿਧਾਇਕ ਸ਼ੇਰੋਵਾਲੀਆ ਨੇ ਕਿਹਾ ਕਿ ਕਾਂਗਰਸ ਪਾਰਟੀ 'ਚ ਸ਼ਾਮਲ ਹੋਏ ਪਰਿਵਾਰਾਂ ਨੂੰ ਪੂਰਾ ਮਾਣ-ਸਤਿਕਾਰ ਮਿਲੇਗਾ। ਇਸ ਮੌਕੇ ਜਰਮਨ ਸਿੰਘ ਕੁਲਾਰ ਸਰਪੰਚ, ਅਰਵਿੰਦ ਕੁਮਾਰ ਪੀ.ਏ., ਜਸਵਿੰਦਰ ਸਿੰਘ, ਜੋਗਿੰਦਰ ਸਿੰਘ ਟਾਈਗਰ, ਜਗਜੀਤ ਸਿੰਘ ਲਾਡੀ, ਹਰਜਿੰਦਰ ਸਿੰਘ, ਤਰਸੇਮ ਲਾਲ (ਦੋਵੇਂ) ਮੈਂਬਰ ਪੰਚਾਇਤ, ਗੁਰਦੇਵ ਸਿੰਘ ਕੁਲਾਰ, ਸਤਵਿੰਦਰ ਸਿੰਘ ਸਿੱਧੂ ਕੁਲਾਰ, ਰਾਜੇਸ਼ ਕੁਮਾਰ ਕੁਲਾਰ, ਵੀਰ ਸਿੰਘ ਯੂ.ਐਸ.ਏ., ਕਰਮ ਚੰਦ ਪੱਪੂ, ਸੁਰਿੰਦਰ ਸਿੰਘ ਸਾਬਕਾ ਸਰਪੰਚ, ਜਗੀਰ ਸਿੰਘ ਪੱਪੀ, ਬੂਟਾ ਰਾਮ, ਬੇਅੰਤ ਸਿੰਘ, ਕੁਲਦੀਪ ਸਿੰਘ ਆਦਿ ਹਾਜ਼ਰ ਸਨ।



ਕਿਸਾਨਾਂ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼। ਤਸਵੀਰ :-ਲਾਂਬਾ ਸਟੂਡੀਓ

## ਕਿਸਾਨ ਅੰਦੋਲਨ ਦੀ ਜਿੱਤ 'ਤੇ ਪਿੰਡ ਕੋਟ ਬਾਦਲ ਖਾਂ 'ਚ ਧਾਰਮਿਕ ਸਮਾਗਮ

ਨੂਰਮਹਿਲ, 3 ਜਨਵਰੀ (ਜਸਵਿੰਦਰ ਸਿੰਘ ਲਾਂਬਾ)-ਪਿੰਡ ਕੋਟ ਬਾਦਲ ਖਾਂ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਕਿਸਾਨ ਅੰਦੋਲਨ ਦੀ ਹੋਈ ਇਤਿਹਾਸਕ ਜਿੱਤ ਦੇ ਸੰਬੰਧ 'ਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਮਹਿਲ ਸਿੰਘ ਚੰਡੀਗੜ੍ਹ ਵਾਲੇ ਕਵਸ਼ੀਰੀ ਜਥੇ ਨੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ, ਉਪਰੰਤ ਕਿਸਾਨ ਅੰਦੋਲਨ ਵਿਚ ਹਿੱਸਾ ਲੈਣ ਵਾਲੇ ਕਿਸਾਨਾਂ ਨੂੰ ਗੁਰਮੀਤ ਸਿੰਘ ਦਾਦੂਵਾਲ ਸਾਬਕਾ ਚੇਅਰਮੈਨ ਐੱਸ.ਐੱਸ.ਬੋਰਡ ਨੇ ਸਿਰੋਪਾਓ ਦੇ ਕੇ ਦਾ ਸਨਮਾਨਿਤ ਕੀਤਾ। ਇਸ ਮੌਕੇ ਜਸਵਿੰਦਰ ਸਿੰਘ ਵੇਂਡਲ, ਸੰਤੋਖ ਸਿੰਘ ਸੰਧੂ , ਗੁਰਚੇਤਨ ਸਿੰਘ ਤੱਖਰ, ਅਮਰਜੀਤ ਸਿੰਘ , ਬਲਦੇਵ ਸਿੰਘ ਸਕੱਤਰ ਸੰਯੁਕਤ ਅਕਾਲੀ ਦਲ, ਗੁਰਦਿਆਲ ਸਿੰਘ ਹੁੰਦਲ ਹੰਸ ਰਾਜ ਪੱਬਵਾਂ, ਭੁਪਿੰਦਰ ਸਿੰਘ ਭਿੰਦਾ, ਰਣਜੀਤ ਸਿੰਘ ਰਾਣਾ, ਸਹਿਬ ਸਿੰਘ, ਤਰਜਿੰਦਰ ਸਿੰਘ ਆਦਿ ਨੇ ਹਾਜ਼ਰੀ ਲਗਵਾਈ।



ਕੈਂਪ ਦੌਰਾਨ ਡਾਕਟਰ ਟੀਮ ਨੂੰ ਸਨਮਾਨਿਤ ਕਰਦੇ ਹੋਏ ਕਲੱਬ ਪ੍ਰਧਾਨ ਮੈਡਮ ਮੀਨੂੰ ਪਾਠਕ ਅਤੇ ਹੋਰ। ਤਸਵੀਰ-ਚਰਨਜੀਤ ਸਿੰਘ ਦੁਸਾਂਝ

## ਇਨਰਵੀਲ੍ਹ ਕਲੱਬ ਵਲੋਂ ਕੈਂਪ

ਗੁਰਾਇਆ, 3 ਜਨਵਰੀ (ਚਰਨਜੀਤ ਸਿੰਘ ਦੁਸਾਂਝ)-ਗੁਰਾਇਆ ਇਨਰਵੀਲ੍ਹ ਕਲੱਬ ਨੇ ਜੀ.ਡੀ.ਫ਼ੀਜੀਓਥਰੈਪੀ ਦੇ ਸਹਿਯੋਗ ਨਾਲ ਇੱਕ ਮੁਫ਼ਤ ਕੈਂਪ ਲਗਾਇਆ। ਕੈਂਪ 'ਚ 60 ਦੇ ਕਰੀਬ ਮਹਿਲਾ ਮਰੀਜ਼ਾਂ ਨੇ ਆਪਣਾ ਚੈੱਕਅੱਪ ਤੇ ਇਲਾਜ ਕਰਵਾਇਆ। ਕੈਂਪ 'ਚ ਡਾ. ਜੀ.ਡੀ ਪ੍ਰਥਾਪ, ਡਾ. ਰੂਬੀ ਸ਼ਰਮਾ ਤੇ ਡਾ. ਅਮਨ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਮੌਕੇ ਉਚੇਚੇ ਤੌਰ 'ਤੇ ਗਰਦਨ ਦਾ ਦਰਦ, ਪਿੱਠ ਦਾ ਦਰਦ ਤੇ ਸਰਵਾਈਕਲ ਦਰਦ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਲੱਬ ਪ੍ਰਧਾਨ ਮੀਨੂੰ ਪਾਠਕ, ਸੀਨੀਅਰ ਐਡਵਾਈਜ਼ਰ ਮਨਮੋਹਣ ਸੂਰੀ ਤੋਂ ਇਲਾਵਾ ਮਨਦੀਪ ਕੌਰ, ਸੋਨੀਆ,ਹਿਨਾ ਕਾਲੀਆ, ਨੇਹਾ ਦੁੱਗਲ, ਅਵਿਨਾਸ਼ ਸੂਰੀ, ਅਨੀਤਾ ਜੈਨ, ਇੰਦਰਜੀਤ ਕੌਰ ਅਤੇ ਕਲੱਬ ਅਹੁੱਦੇਦਾਰ ਹਾਜ਼ਰ ਸਨ।

**ਅਜੀਤ ਵੈਬ ਟੀ ਵੀ — ਅੱਜ ਦੇ ਵਿਸ਼ੇਸ਼ ਪ੍ਰੋਗਰਾਮ**

**ਲੋਕਾਂ ਦੀ ਕਚਹਿਰੀ-ਵਿਧਾਨ ਸਭਾ ਚੋਣਾਂ 2022**

**ਵੇਖੋ ਤਰਨ ਤਾਰਨ ਦੇ ਲੋਕਾਂ ਦਾ ਮੂਡ**



ਵੇਖਣ ਲਈ ਕਲਿੱਕ ਕਰੋ : www.ajittv.com, youtube.com/ajitwebtv, facebook.com/dailyajit



ਐਡਵੋਕੇਟ ਬਚਿੱਤਰ ਸਿੰਘ ਕੋਹਾੜ 12 ਜਨਵਰੀ ਨੂੰ ਮਹਿਤਪੁਰ ਰੈਲੀ ਸੰਬੰਧੀ ਪਿੰਡ ਬਾਲੋਕੀ ਮਹਿਤਪੁਰ ਵਿੱਚ ਅਕਾਲੀ ਵਰਕਰਾਂ ਨਾਲ ਮੀਟਿੰਗ ਕਰਦੇ ਹੋਏ। ਤਸਵੀਰ- ਰੂਪਰਾ ਸਟੂਡੀਓ ਮਹਿਤਪੁਰ

## ਕੋਹਾੜ ਦੀ ਅਗਵਾਈ ਹੇਠ ਪਿੰਡਾਂ 'ਚ ਮੀਟਿੰਗਾਂ ਜਾਰੀ

ਮਹਿਤਪੁਰ , 3 ਜਨਵਰੀ (ਹਰਜਿੰਦਰ ਸਿੰਘ ਚੰਦੀ)- 12 ਜਨਵਰੀ ਦੁਪਹਿਰ 2 ਵਜੇ ਸੇਤੀਆ ਪੈਲਸ ਮਹਿਤਪੁਰ ਵਿਖੇ ਅਕਾਲੀ ਦਲ ਬਾਦਲ ਦੇ ਦਿੱਗਜ ਲੀਡਰ ਬੀਬਾ ਹਰਸਿਮਰਤ ਕੌਰ ਬਾਦਲ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਉਮੀਦਵਾਰ ਦੇ ਹੱਕ ਵਿੱਚ ਇੱਕ ਭਾਰੀ ਵਿਸ਼ਾਲ ਮੀਟਿੰਗ ਕਰਨਗੇ। ਇਸ ਮੀਟਿੰਗ ਨੂੰ ਸਫ਼ਲ ਬਣਾਉਣ ਲਈ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਹਲਕਾ ਸ਼ਾਹਕੋਟ ਨੇ ਨੇ ਮਹਿਤਪੁਰ ਦੇ ਪਿੰਡਾਂ ਗਗੜਵਾਲ, ਸੰਗੋਵਾਲ ਬਸਤੀ, ਸੰਗੋਵਾਲ, ਰਾਇਪੁਰ (ਮੰਡ), ਰਾਇਪੁਰ ਗੁੱਜ਼ਰਾ, ਬੀਟਲਾ, ਝੁੱਗੀਆਂ, ਗੋਸੂਵਾਲ, ਬਾਗੀਵਾਲ, ਬਾਗੀਵਾਲ ਖੁਰਦ, ਲੋਹਗੜ੍ਹ, ਆਦਰਮਾਨ, ਗੋਬਿੰਦ ਪੁਰ, ਬਾਲੋਕੀ, ਛੋਟੀ ਬਾਲੋਕੀ, ਖਹਿਰਾ ਮੁਸਤਰਕਾ ਆਦਿ ਪਿੰਡਾਂ 'ਚ ਮੀਟਿੰਗਾਂ ਕੀਤੀਆਂ। ਇਨ੍ਹਾਂ ਪਿੰਡਾਂ ਵਿੱਚ ਹੋਈਆਂ ਮੀਟਿੰਗਾਂ ਵਿੱਚ ਵਰਕਰਾਂ ਵਿੱਚ ਬਹੁਤ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਸਰਕਲ ਪ੍ਰਧਾਨ ਮਹਿਤਪੁਰ ਦਲਜੀਤ ਸਿੰਘ ਕਾਹਲੋਂ, ਗੁਰਪ੍ਰਤਾਪ ਸਿੰਘ, ਪਰਮਿੰਦਰ ਸਿੰਘ, ਚੈਅਰਮੈਨ ਤਰਸੇਮ ਸਿੰਘ, ਬਲਦੇਵ ਸਿੰਘ ਕਲਿਆਣ ਮੈਂਬਰ ਐਸ ਜੀ ਪੀ ਸੀ, ਦਲਜੀਤ ਸਿੰਘ ਕਾਹਲੋਂ ਮੌਜੂਦ ਸਨ।

**ਜਨਮ ਦਿਨ ਮੁਬਾਰਕ**



ਮਨਦੀਪ ਸਿੰਘ ਵਾਲੀਆ
ਜਲੰਧਰ

**ਵਰ੍ਹੇਗੰਢ ਮਨਾਈ**



ਰਜਿੰਦਰਪਾਲ ਸਿੰਘ ਤੇ ਰਵਿੰਦਰ ਕੌਰ ਵਾਸੀ ਜਲੰਧਰ ਨੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ।



ਰੂਪ ਲਾਲ ਤੇ ਪੁਸ਼ਪਾ ਰਾਣੀ ਵਾਸੀ ਸ਼ਾਹਪੁਰ ਨੇ ਵਿਆਹ ਦੀ 38ਵੀਂ ਵਰ੍ਹੇਗੰਢ ਮਨਾਈ।



ਸ਼ਾਹਕੋਟ ਪਹੁੰਚਣ 'ਤੇ ਗੌਰਵ ਕਰਾਟੇ ਕਲੱਬ ਦੇ 'ਏਸ਼ੀਆ ਸਿੱਖ ਖੇਡਾਂ' 'ਚ ਜੇਤੂ ਖਿਡਾਰੀਆਂ ਦਾ ਸਵਾਗਤ ਕਰਦੇ ਪ੍ਰਧਾਨ ਸਤੀਸ਼ ਰਿਹਾਨ, ਅਮਨ ਮਲਹੋਤਰਾ, ਰਾਹੁਲ ਪੰਡਿਤ, ਕੋਚ ਗੌਰਵ ਸ਼ਰਮਾ ਤੇ ਹੋਰ। ਤਸਵੀਰ-ਸੁਖਦੀਪ ਸਿੰਘ

## ਪੰਜਾਬ ਟੀਮ ਨੇ 'ਏਸ਼ੀਆ ਸਿੱਖ ਖੇਡਾਂ' 'ਚ ਮਾਰੀਆਂ ਮੱਲਾਂ

ਸ਼ਾਹਕੋਟ, 3 ਜਨਵਰੀ (ਸੁਖਦੀਪ ਸਿੰਘ)- ਗੁੜਗਾਉਂ ਵਿਖੇ ਜਪ ਜਾਪ ਕਮੇਟੀ ਵਲੋਂ ਕਰਵਾਈਆਂ 'ਏਸ਼ੀਆ ਸਿੱਖ ਖੇਡਾਂ' 'ਚ ਪੰਜਾਬ ਟੀਮ ਵਲੋਂ ਸਵਾਤੇ ਕਿੱਕ ਬਾਕਸਿੰਗ ਖੇਡ 'ਚ ਵੱਖ-ਵੱਖ ਜ਼ਿਲ੍ਹਿਆਂ ਦੇ 22 ਖਿਡਾਰੀਆਂ ਨੇ ਭਾਗ ਲਿਆ ਤੇ ਮੈਡਲ ਤੇ ਕੱਪ ਜਿੱਤੇ। ਇਨ੍ਹਾਂ ਖਿਡਾਰੀਆਂ 'ਚ ਗੌਰਵ ਕਰਾਟੇ ਕਲੱਬ ਸ਼ਾਹਕੋਟ ਵਲੋਂ 5 ਖਿਡਾਰੀ ਸ਼ਾਮਲ ਸਨ, ਜਿਨ੍ਹਾਂ ਦਾ ਸ਼ਾਹਕੋਟ ਪਹੁੰਚਣ 'ਤੇ ਸ਼ਹਿਰ ਵਾਸੀਆਂ ਵਲੋਂ ਢੋਲ-ਢਮੱਕੇ ਨਾਲ ਸਵਾਗਤ ਕੀਤਾ ਗਿਆ। ਨਗਰ ਪੰਚਾਇਤ ਦੇ ਪ੍ਰਧਾਨ ਸਤੀਸ਼ ਰਿਹਾਨ, ਉੱਘੇ ਸਮਾਜ ਸੇਵਕ ਅਮਨ ਮਲਹੋਤਰਾ ਤੇ ਬੂਟਾ ਸਿੰਘ ਕਲਸੀ ਨੇ ਵਿਸ਼ੇਸ਼ ਤੌਰ 'ਤੇ ਖਿਡਾਰੀਆਂ ਨੂੰ ਆਸ਼ਰੀਵਾਦ ਦਿੰਦਿਆਂ ਕਲੱਬ ਨੂੰ ਸਫ਼ਲਤਾ ਲਈ ਵਧਾਈ ਦਿੱਤੀ। ਇਸ ਮੌਕੇ ਖੁਸ਼ੀ ਸਾਂਝੀ ਕਰਦਿਆਂ ਮਹਿਮਾਨਾਂ ਤੇ ਖਿਡਾਰੀਆਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਰਾਹੁਲ ਪੰਡਿਤ, ਵਰਿੰਦਰ ਸਿੰਘ, ਬਲਦੇਵ ਸਿੰਘ, ਮਲਕੀਤ ਸਿੰਘ, ਰਜੇਸ਼ ਕੁਮਾਰ, ਰਣਜੀਤ ਰਾਮ, ਸਨਜੋਤ ਕੌਰ, ਪ੍ਰਭਜੀਤ ਕੌਰ, ਸੁਰਜੀਤ ਕੌਰ, ਗੁਰਦੇਵ ਵਰਮਾ ਆਦਿ ਹਾਜ਼ਰ ਸਨ।

### ਸਦਮਾ

ਨੂਰਮਹਿਲ (ਜਸਵਿੰਦਰ ਸਿੰਘ ਲਾਂਬਾ)-ਜਥੇਦਾਰ ਗੁਲਵੰਤ ਸਿੰਘ ਉੱਪਲ ਪ੍ਰਧਾਨ ਅਕਾਲੀ ਦਲ ਸੰਯੁਕਤ ਜ਼ਿਲ੍ਹਾ ਦਿਹਾਤੀ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਚਰਨ ਕੌਰ ਉੱਪਲ ਦਾ ਬੀਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ। ਉਨ੍ਹਾਂ ਦਾ ਸੰਸਕਾਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੀ ਅੰਤਿਮ ਅਰਦਾਸ 7 ਜਨਵਰੀ ਨੂੰ 12 ਤੋਂ 1 ਵਜੇ ਉੱਪਲ ਫਾਰਮ ਹਾਊਸ ਸਾਹਮਣੇ ਨਵੀਂ ਦਾਣਾ ਮੰਡੀ ਨੂਰਮਹਿਲ ਵਿਚ ਹੋਵੇਗੀ। ਇਸ ਮੌਕੇ ਰਾਜਨੀਤਿਕ ਤੇ ਧਾਰਮਿਕ ਤੇ ਸਮਾਜਿਕ ਲੋਕਾਂ ਨੇ ਉਨ੍ਹਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਸਿਹਤ ਮੁਲਾਜ਼ਮਾਂ ਦੀ ਹੜਤਾਲ ਜਾਰੀ

ਸ਼ਾਹਕੋਟ, 3 ਜਨਵਰੀ (ਬਾਂਸਲ)-ਪੰਜਾਬ ਸਰਕਾਰ ਵਲੋਂ ਲਾਗੂ ਕੀਤੇ ਗਏ ਛੇਵੇਂ ਪੇ-ਕਮਿਸ਼ਨ ਦੀ ਆੜ 'ਚ ਮੁਲਾਜ਼ਮਾਂ ਨੂੰ ਦਿੱਤੇ ਜਾਂਦੇ ਕਈ ਤਰ੍ਹਾਂ ਦੇ ਵਾਜਬ ਭੱਤਿਆਂ ਨੂੰ ਚੁੱਪ ਤਰੀਕੇ ਨਾਲ ਬੰਦ ਕਰਨ ਦੇ ਵਿਰੋਧ 'ਚ ਸਿਹਤ ਮੁਲਾਜ਼ਮਾਂ ਦੀ ਹੜਤਾਲ ਲਗਾਤਾਰ ਜਾਰੀ ਹੈ। ਸਿਹਤ ਵਿਭਾਗ ਦੀ ਜੁਆਇੰਟ ਐਕਸ਼ਨ ਕਮੇਟੀ ਦੇ ਬੈਨਰ ਹੇਠਾਂ ਸੰਘਰਸ਼ ਕਰ ਰਹੇ ਮੁਲਾਜ਼ਮਾਂ 'ਚ ਮਾਸ ਮੀਡੀਆ ਆਫਿਸਰਜ਼ ਐਸੋਸਿਏਸ਼ਨ, ਮਲਟੀਪਰਪਜ਼ ਹੈਲਥ ਇੰਪਲਾਈਜ਼ ਐਸੋਸਿਏਸ਼ਨ, ਫਾਰਮੇਸੀ ਐਸੋਸਿਏਸ਼ਨ, ਰੇਡੀਓਗ੍ਰਾਫਰ ਐਸੋਸਿਏਸ਼ਨ ਸਮੇਤ ਹੋਰ ਜਥੇਬੰਦੀਆਂ ਸ਼ਾਮਲ ਹਨ। ਕਮੇਟੀ ਦੇ ਬਲਾਕ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਛੇਵੇਂ ਪੇ ਕਮੀਸ਼ਨ ਨੂੰ ਲਾਗੂ ਕਰਨ ਦੀ ਮੰਗ ਨੂੰ ਪਹਿਲਾਂ ਤਾਂ ਲੰਮੇ ਸਮੇਂ ਤੱਕ ਲਟਕਾਈ ਰੱਖਿਆ ਤੇ ਹੁਣ ਜਦ ਇਸਨੂੰ ਲਾਗੂ ਕੀਤਾ ਜਾ ਰਿਹਾ ਹੈ, ਤਾਂ ਕਈ ਭੱਤੇ ਕੱਟ ਦਿੱਤੇ ਗਏ ਹਨ। ਮੁਲਾਜ਼ਮਾਂ ਵਲੋਂ ਇਸਦੇ ਵਿਰੋਧ 'ਚ ਵੀਰਵਾਰ ਨੂੰ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਅਰਥੀ ਫੂਕ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਬੀ.ਈ.ਈ. ਚੰਦਨ ਮਿਸ਼ਰਾ, ਮਲਟੀਪਰਪਜ਼ ਹੈਲਥ ਸੁਪਰਵਾਇਜ਼ਰ ਅਮਨਦੀਪ ਸਿੰਘ, ਜਸਬੀਰ ਸਿੰਘ, ਸੁਖਪਾਲ ਸਿੰਘ, ਵਰਕਰ ਵਰਿੰਦਰ ਕੁਮਾਰ, ਗਣੇਸ਼ ਕੁਮਾਰ, ਬਲਕਾਰ ਸਿੰਘ, ਰਵਿੰਦਰਨਾਥ ਗੁਪਤਾ, ਅਮ੍ਰਿਤਪਾਲ, ਅਮ੍ਰਿਤਪਾਲ ਸਿੰਘ, ਕੁਲਦੀਪ ਸਿੰਘ, ਵਿਸ਼ਾਲ ਲਾਲ, ਬਲਜਿੰਦਰ ਕੁਮਾਰ ਆਦਿ ਮੌਜੂਦ ਸਨ।

## ਸਮਾਜ ਸੇਵੀ ਨੇ ਸਕੂਲ ਨੂੰ 10 ਪੱਖੇ ਕੀਤੇ ਭੇਟ

ਮਹਿਤਪੁਰ , 3 ਜਨਵਰੀ (ਹਰਜਿੰਦਰ ਸਿੰਘ ਚੰਦੀ)- ਮਹਿਤਪੁਰ ਦੇ ਨਾਮੀ ਤੇ ਉੱਘੇ ਸਮਾਜ ਸੇਵੀ ਸ੍ਰੀ ਸ਼ਾਂਤੀ ਸਾਗਰ ਨੇ ਆਪਣੀ ਮਾਤਾ ਸਵ ਸ੍ਰੀਮਤੀ ਆਸਾਂ ਰਾਣੀ ਜੀ ਦੀ ਯਾਦ ਵਿੱਚ ਸਰਕਾਰੀ ਹਾਈ ਸਕੂਲ ਮਹਿਸਮਪੁਰ ਨੂੰ ਛੱਤ ਵਾਲੇ 10 ਪੱਖੇ ਦਾਨ ਕੀਤੇ। ਸ਼ਾਂਤੀ ਸਾਗਰ ਜੀ ਨੇ ਭਾਵਿਕ ਹੁੰਦਿਆਂ ਕਿਹਾ ਮਾਂ ਦਾ ਕਰਜ਼ ਕਦੇ ਨਹੀਂ ਉਤਾਰਿਆ ਜਾ ਸਕਦਾ।



ਉੱਘੇ ਸਮਾਜ ਸੇਵੀ ਸ਼ਾਂਤੀ ਸਾਗਰ ਸਰਕਾਰੀ ਹਾਈ ਸਕੂਲ ਮਹਿਸਮਪੁਰ ਨੂੰ ਛੱਤ ਵਾਲੇ 10 ਪੱਖੇ ਭੇਟ ਕਰਦੇ ਹੋਏ। ਤਸਵੀਰ-ਰੂਪਰਾ ਸਟੂਡੀਓ ਮਹਿਤਪੁਰ



ਚੋਣ ਕਮਿਸ਼ਨ ਦੀ ਟੀਮ 100 ਸਾਲ ਦੀ ਉਮਰ ਵਾਲੇ ਬਜ਼ੁਰਗ ਵੋਟਰ ਸ਼ਿਵ ਸਿੰਘ ਦਾ ਜਨਮ ਦਿਨ ਮਨਾਉਂਦੇ ਹੋਏ। ਤਸਵੀਰ-ਰਮਨ ਦਵੇਸਰ

## ਚੋਣ ਕਮਿਸ਼ਨ ਨੇ 100 ਸਾਲ ਦੀ ਉਮਰ ਵਾਲੇ ਵੋਟਰ ਦਾ ਜਨਮ ਦਿਨ ਮਨਾਇਆ

ਆਦਮਪੁਰ, 3 ਜਨਵਰੀ (ਰਮਨ ਦਵੇਸਰ) -ਆਦਮਪੁਰ ਵਿਧਾਨ ਸਭਾ ਦੇ ਪਿੰਡ ਦੇ 100 ਸਾਲ ਦੀ ਉਮਰ ਦੇ ਬਜ਼ੁਰਗ ਵੋਟਰ ਸ਼ਿਵ ਸਿੰਘ ਦਾ ਜਨਮ ਦਿਨ ਚੋਣ ਕਮਿਸ਼ਨ ਦੀ ਟੀਮ ਵਲੋਂ ਉਨ੍ਹਾਂ ਦੇ ਘਰ ਜਾ ਕੇ ਪਰਿਵਾਰ 'ਚ ਕੇਕ ਕੱਟ ਕੇ ਮਨਾਇਆ ਗਿਆ। ਟੀਮ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ਿਵ ਸਿੰਘ ਨੇ 1952 'ਚ ਅਜਾਦ ਭਾਰਤ ਵਿਚ ਪਹਿਲੀ ਵਾਰ ਹੋਈਆਂ ਸੰਸਦੀ ਚੋਣਾਂ ਵਿਚ ਵੀ ਵੋਟ ਪਾਈ ਸੀ ਤੇ ਉਹ ਹੁਣ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਵੋਟ ਪਾਉਣ ਨੂੰ ਲੈ ਕੇ ਉਤਸ਼ਾਹਿਤ ਹਨ। ਇਸ ਮੌਕੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਮੈਡਮ ਜੋਤੀ ਬਾਲਾ ਮੱਟੂ, ਚੋਣ ਇੰਚਾਰਜ ਰਾਜੀਵ ਸੇਖੜੀ, ਨੋਡਲ ਅਫਸਰ ਰਵਿੰਦਰਪਾਲ ਸਿੰਘ, ਜੋਨਲ ਅਫਸਰ ਗੁਰਿੰਦਰ ਸਿੰਘ , ਲੈਕਚਰਾਰ ਬ੍ਰਿਜ ਲਾਲ, ਲੈਕਚਰਾਰ ਬਲਜੀਤ ਢਿੱਲੋਂ, ਡਿਊਟੀ ਅਫਸਰ ਰਾਜਨ ਕੁਮਾਰ, ਸੁਪਰਵਾਈਜ਼ਰ ਅਮਰਜੀਤ ਸਿੰਘ, ਬੂਥ ਅਫਸਰ ਪਰਵੀਨ ਕੌਰ, ਸਬ ਇੰਸਪੈਕਟਰ ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।